ਦੇਸ਼ ਸੇਵਕ, ਚੰਡੀਗੜ੍ਹ, ਐਤਵਾਰ 24 ਜਨਵਰੀ, 1999

ਵਿਚਾਰ-ਚਰਚਾ

ਗੁਰਸ਼ਰਨ ਸਿੰਘ

# ਖੱਬੀ ਵਿਚਾਰਧਾਰਾ ਦੀ ਸਾਂਝ

21 ਜਨਵਰੀ ਮਾਨਸਾ ਰੇਲਵੇ ਸਟੇਸ਼ਨ ਦੇ ਬਾਹਰ ਟੈਕਸੀ ਸਟੈਂਡ ਤੇ ਸ਼ਹੀਦ ਲਾਭ ਸਿੰਘ ਰੱਲਾ ਦੀ ਬਰਸੀ ਮਨਾਈ ਜਾ ਰਹੀ ਸੀ ਜੋ 1981 ਵਿਚ ਬੱਸ ਕਿਰਾਇਆ ਘੋਲ ਦੌਰਾਨ ਪੁਲਸ ਦੀ ਗੋਲੀ ਨਾਲ ਸ਼ਹਾਦਤ ਪਾ ਗਿਆ ਸੀ। ਇਹ ਬਰਸੀ ਦਾ ਇਨਕਲਾਬੀ ਲੋਕ ਸ਼ਕਤੀ ਪਾਰਟੀ ਵੱਲੋਂ ਪ੍ਰਬੰਧ ਕੀਤਾ ਗਿਆ ਸੀ। ਕਾਫ਼ੀ ਵੱਡੀ ਹਾਜ਼ਰੀ ਸੀ ਪਰ ਇਸ ਤੋਂ ਵੱਧ ਹੋ ਸਕਦੀ ਸੀ ਕਿਉਂਕਿ ਉਸੇ ਵੇਲੇ ਇਕ ਹੋਰ ਰੋਸ ਮਾਰਚ ਵੀ ਹੋ ਰਿਹਾ ਸੀ ਜੋ ਭਾਰਤੀ ਕਿਸਾਨ ਯੂਨੀਅਨ (ਏਕਤਾ) ਵੱਲੋਂ ਜਥੇਬੰਦ ਕੀਤਾ ਗਿਆ ਸੀ। ਇਸ ਰੋਸ ਮਾਰਚ ਦਾ ਸ਼ੁਰੂ ਵੀ ਮਾਨਸਾ ਰੇਲਵੇ ਸਟੇਸ਼ਨ ਤੋਂ ਹੀ ਸੀ। ਇਹ ਰੋਸ ਮਾਰਚ ਮੰਗ ਕਰ ਰਿਹਾ ਸੀ ਕਿ ਮਾਨਸਾ ਮੰਡੀ ਦੇ ਇੱਕ ਆੜ੍ਹਤੀਏ ਨੂੰ ਗ੍ਰਿਫ਼ਤਾਰ ਕੀਤਾ ਜਾਏ ਜਿਸਦੀ ਕਠੋਰ ਅਤੇ ਗ਼ੈਰ-ਇਨਸਾਨੀ ਕਾਰਵਾਈ ਕਰਕੇ ਇਕ ਕਿਸਾਨ ਨੂੰ ਆਤਮ-ਹੱਤਿਆ ਕਰਨੀ ਪਈ ਸੀ ਜੋ ਆੜ੍ਹਤੀਏ ਦਾ ਕਰਜ਼ ਨਹੀਂ ਚੁੱਕਾ ਸਕਿਆ ਸੀ। ਪਹਿਲਾਂ ਉਹਦਾ ਟਰੈਕਟਰ ਵਿਕ ਗਿਆ, ਫੇਰ ਪਸ਼ੂ ਡੰਗਰ ਵਿਕ ਗਏ ਤੇ ਉਹ ਬੇਇੱਜ਼ਤੀ ਨਾ ਬਰਦਾਸ਼ਤ ਕਰਦਾ ਹੋਇਆ ਆਤਮ-ਹੱਤਿਆ ਕਰ ਗਿਆ।

ਮਾਨਸਾ ਵਿਚ ਹੋਏ ਇਹ ਦੋ ਐਕਸ਼ਨ, ਖੱਬੀ ਧਿਰ ਦੀ ਆਪਸੀ ਏਕਤਾ ਦਾ ਮਸਲਾ ਅੱਗੇ ਲਿਆਂਦੇ ਹਨ ਤੇ ਮਿਹਨਤਕਸ਼ ਕਿਸਾਨ ਦੇ ਸੰਕਟ ਨੂੰ ਵੀ ਉਭਾਰਦੇ ਹਨ। ਪੰਜਾਬ ਦੀ ਛੋਟੀ ਕਿਸਾਨੀ ਇਸ ਵੇਲੇ ਜਿਸ ਸੰਕਟ ਵਿਚ ਉਹ ਇਤਿਹਾਸ ਵਿਚ ਅੱਗੇ ਕਦੀ ਨਹੀਂ ਹੋਈ। ਉਹਦਾ ਵਾਲੀ ਵਾਰਿਸ ਕਿਸ ਨੇ ਬਣਨਾ ਹੈ? ਇਹ ਇਕ ਵੱਡਾ ਸਵਾਲ ਖੱਬੀ ਵਿਚਾਰਧਾਰਾ ਦੇ ਧਾਰਨੀਆਂ ਅੱਗੇ ਹੈ।

ਇਸ ਗੱਲ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ ਕਿ ਖੱਬੀ ਵਿਚਾਰਧਾਰਾ ਕੋਲ ਹੀ ਲੋਕ ਪੱਖੀ ਸਿਆਸਤ ਦੀ ਵਚਨਬੱਧਤਾ ਹੈ। ਕਰੋੜਾਂ ਗ਼ਰੀਬ ਲੋਕਾਂ ਦੀ ਮੁਕਤੀ ਇਸੇ ਸਿਆਸਤ ਰਾਹੀਂ ਹੋ ਸਕਦੀ ਹੈ। ਅੱਗੋਂ ਇਹ ਵੀ ਇਕ ਸਥਾਪਤ ਸਚਾਈ ਹੈ ਕਿ ਇਹ ਵਿਚਾਰਧਾਰਾ ਸੱਤਾ ਦੇ ਨੇੜੇ-ਤੇੜੇ ਵੀ ਨਹੀਂ। ਕਾਰਨ ਇਹ ਹੈ ਕਿ ਉਹ ਆਪਸ ਵਿਚ ਕਿਸੇ ਵੱਡੇ ਤੋਂ ਵੱਡੇ ਨੁਕਤੇ ਤੇ ਵੀ ਸਾਂਝੀ ਕਾਰਵਾਈ ਵਿਚ ਨਹੀਂ ਜੁੜ ਸਕਦੇ।

ਖੱਬੀ ਵਿਚਾਰਧਾਰਾ ਗ਼ਰੀਬ ਮਿਹਨਤਕਸ਼ ਲੋਕਾਂ ਲਈ ਕਿਉਂ ਸਹੀ ਹੈ? ਕਿਉਂਕਿ :

—ਇਹੀ ਵਿਚਾਰਧਾਰਾ ਹੈ ਜੋ ਬਰਾਬਰੀ ਦੇ ਸਮਾਜ ਬਨਾਉਣ ਲਈ ਅਤੇ ਗ਼ਰੀਬ ਅਮੀਰ ਦਾ ਪਾੜਾ ਖ਼ਤਮ ਕਰਨ ਦਾ ਏਜੰਡਾ ਰੱਖਦੀ ਹੈ।

—ਇਹੀ ਵਿਚਾਰਧਾਰਾ ਹੈ ਜੋ ਮਿਹਨਤ ਕਰਨ ਵਾਲਿਆਂ ਦੇ ਹੱਕ ਵਿਚ ਹੈ ਤੇ ਵਿਹਲੜ ਲੋਕਾਂ ਦੀ ਅਯਾਸ਼ੀ ਦੇ ਵਿਰੁੱਧ ਹੈ।

—ਇਹੀ ਵਿਚਾਰਧਾਰਾ ਹੈ ਜੋ ਔਰਤਾਂ ਦੀ ਬਰਾਬਰੀ ਦੇ ਹੱਕ ਵਿਚ ਹੈ, ਜੋ ਸਾਰੀ ਆਬਾਦੀ ਦਾ 50 ਫੀਸਦੀ ਹਿੱਸਾ ਹਨ।

—ਇਹੀ ਵਿਚਾਰਧਾਰਾ ਹੈ ਜੋ ਸਹੀ ਸ਼ਬਦਾਂ ਵਿਚ ਧਰਮ-ਨਿਰਪੇਖ ਸਿਆਸਤ ਦੀ ਮੁੱਦਈ ਹੈ। ਹਿੰਦੂ, ਸਿੱਖ, ਮੁਸਲਮਾਨ ਤੇ ਇਸਾਈ ਇਹਦੇ ਲਈ ਇੱਕੋ ਹਨ।

—ਇਹੀ ਵਿਚਾਰਧਾਰਾ ਹੈ, ਜੋ ਹਰ ਕਿਸਮ ਦੇ ਭ੍ਰਿਸ਼ਟਾਚਾਰ ਵਿਰੁੱਧ ਹੈ। ਪੰਜਾਬ ਵਿਚ ਪਿਛਲੇ 51 ਸਾਲ ਇਕੋ ਇਕ ਮਿਸਾਲ ਕਾ. ਸਤਪਾਲ ਡਾਂਗ ਦੀ ਹੈ ਜੋ ਥੋੜ੍ਹੀ ਦੇਰ ਲਈ ਗੁਰਨਾਮ ਸਿੰਘ ਵਜ਼ਾਰਤ ਵਿਚ ਮੰਤਰੀ ਬਣੇ ਤੇ ਜਿਹਨਾਂ ਦੀ ਇਮਾਨਦਾਰੀ ਦੀ ਸੌਂਹ ਚੁੱਕੀ ਜਾਂਦੀ ਹੈ।

—ਇਹੀ ਵਿਚਾਰਧਾਰਾ ਹੈ ਜੋ ਸਾਹਿਤ, ਸਭਿਆਚਾਰ ਵਿਚ ਲੱਚਰਵਾਦ ਦੇ ਵਿਰੁੱਧ ਹੈ।

ਪੰਜਾਬ ਵਿਚ ਖੱਬੀ ਵਿਚਾਰਧਾਰਾ ਸੀ. ਪੀ. ਐਮ., ਸੀ. ਪੀ. ਆਈ., ਨਕਸਲਵਾੜੀ ਨਾਲ ਸਬੰਧਤ ਵੱਖ-ਵੱਖ ਗਰੁੱਪਾਂ ਵਿਚ ਵੰਡੀ ਹੋਈ ਹੈ। ਇਹਨਾਂ ਦੀਆਂ ਆਪਣੀਆਂ-ਆਪਣੀਆਂ ਅਵਾਮੀ ਜਥੇਬੰਦੀਆਂ ਹਨ। ਲੱਖ ਵਖਰੇਵੇਂ ਹੋਣ ਪਰ ਲੋਕਾਂ ਨੂੰ ਦਰਪੇਸ਼ ਮਸਲਿਆਂ ਵੱਲ ਸਾਂਝੀਆਂ ਸਰਗਰਮੀਆਂ ਵਿੱਢੀਆਂ ਜਾ ਸਕਦੀਆਂ ਹਨ। ਇਸ ਬਾਰੇ ਸੋਚੀਏ। ਸਧਾਰਨ ਲੋਕਾਂ ਵੱਲ, ਗ਼ਰੀਬ ਲੋਕਾਂ ਵੱਲ ਆਪਣੀ ਵਫ਼ਾਦਾਰੀ ਅਤੇ ਜ਼ਿੰਮੇਵਾਰੀ ਨਿਭਾਈਏ। ਇਹ ਸਮੇਂ ਦੀ ਲੋੜ ਹੈ।